# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 1922 /ਸੀ.ਓ.ਈ.

ਮਿਤੀ 15/4/2019

ਕੰਟਰੋਲਰ (ਪ੍ਰੀ.) ਦਫ਼ਤਰ ਵੱਲੋਂ ਪਹਿਲਾਂ ਜਾਰੀ ਕੀਤੇ ਗਏ ਸਰਕੂਲਰ ਪੱਤਰ. 1153/ਸੀ.ਓ.ਈ. ਅਤੇ 1154/ਸੀ.ਓ.ਈ. ਮਿਤੀ 28.02.2019 ਦੀ ਲਗਾਤਾਰਤਾ ਦੇ ਸਬੰਧ ਵਿੱਚ ਯੂਨੀਵਰਸਿਟੀ ਵੱਲੋਂ ਅਜਿਹੇ ਵਿਦਿਆਰਥੀਆਂ ਜਿਨ੍ਹਾਂ ਨੇ ਆਪਣੇ ਕਿਸੇ ਕੋਰਸ/ਕਲਾਸ ਦੀ ਰੀ-ਅਪੀਅਰ ਪ੍ਰੀਖਿਆ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਦੇ ਮੌਕਿਆਂ, ਸਪੈਸ਼ਲ ਮੌਕਿਆਂ ਵਿੱਚ ਪਾਸ ਨਹੀਂ ਕਰ ਸਕੇ ਅਤੇ ਉਹਨਾਂ ਉਹਨਾਂ ਦੀ ਰੀ-ਅਪੀਅਰ ਪਾਸ ਕਰਨ ਦੀ ਸਮਾਂ ਸੀਮਾ ਸਮਾਪਤ ਹੋ ਚੁੱਕੀ ਹੈ ਨੂੰ ਆਪਣਾ ਕੋਰਸ/ਕਲਾਸ ਪੂਰੀ ਕਰਨ ਲਈ ਇਕ ਗੋਲਡਨ ਚਾਂਸ ਅਪ੍ਰੈਲ/ਮਈ, 2019 ਸਾਲਾਨਾ ਅਤੇ ਸਮੈਸਟਰ ਪ੍ਰੀਖਿਆਵਾਂ ਵਿੱਚ 35,000/-ਰੁਪਏ ਪ੍ਰੀਖਿਆ ਫ਼ੀਸ ਨਾਲ ਦਿੱਤਾ ਗਿਆ ਸੀ ਇਸ ਦੇ ਨਾਲ ਹੀ E.V.S. ਦਾ ਪਰਚਾ ਪਾਸ ਕਰਨ ਲਈ ਇੱਕ ਮੌਕਾ 1000/-ਰੁਪਏ ਫ਼ੀਸ ਨਾਲ ਦਿੱਤਾ ਗਿਆ ਸੀ।

ਉਕਤ ਦੋਨਾਂ ਕੇਸਾਂ ਦੇ ਫਾਰਮ ਅਤੇ ਪ੍ਰੀਖਿਆ ਫ਼ੀਸ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 31 ਮਾਰਚ, 2019 ਨਿਰਧਾਰਤਿ ਕੀਤੀ ਗਈ ਸੀ। ਵਿਦਿਆਰਥੀਆਂ ਦੀ ਮੰਗ ਨੂੰ ਦੇਖਦੇ ਹੋਏ ਹੁਣ ਫਾਰਮ ਭਰਨ ਦੀ ਆਖਰੀ ਮਿਤੀ ਵਿੱਚ 22 ਅਪ੍ਰੈਲ, 2019 ਤੱਕ ਵਾਧਾ ਕਰ ਦਿੱਤਾ ਗਿਆ ਹੈ। ਇੱਥੇ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵਿਦਿਆਰਥੀ ਲੇਟ ਫੀਸ ਨਾਲ ਪਹਿਲਾਂ ਹੀ ਫਾਰਮ ਭਰ ਚੁੱਕਾ ਹੈ ਤਾਂ ਉਸਦੀ ਵਾਧੂ ਭਰੀ ਗਈ ਲੇਟ ਫ਼ੀਸ ਕਿਸੇ ਵੀ ਹਾਲਤ ਵਿੱਚ ਵਾਪਿਸ ਨਹੀਂ ਕੀਤੀ ਜਾਵੇਗੀ।

ਕੰਟਰੋਲਰ (ਪ੍ਰੀਖਿਆਵਾਂ)